ਅਤੇ ਇਨ੍ਹਾਂ ਕਾਨੂੰਨਾਂ ਦੀ ਭਵਿੱਖ ਵਿਚ ਹੋਣ ਵਾਲੀ ਉਲੰਘਣਾ ਨੂੰ ਰੋਕਣ ਲਈ ਹੁੰਦੀ ਹੈ। ਕੋਰਟ ਰਿਸਟਰੇਨਿੰਗ ਆਰਡਰ ਜਾਂ ਮਨਾਹੀ ਦਾ ਕਿਸੇ ਹੋਰ ਕਿਸਮ ਦਾ ਹੁਕਮ ਵੀ ਕਰ ਸਕਦੀ ਹੈ ਤਾਂ ਜੋ ਤੁਹਾਨੂੰ ਅਗਾਂਹ ਹੋਰ ਨੁਕਸਾਨ ਤੋਂ ਬਚਾਇਆ ਜਾ ਸਕੇ, ਅਤੇ ਜੇ ਤੁਸੀਂ ਵਕੀਲ ਕੀਤਾ ਹੈ ਤਾਂ ਅਦਾਲਤ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਨੂੰ ਤੁਹਾਡੇ ਵਕੀਲ ਦੀਆਂ ਫੀਸਾਂ ਦੇਣ ਦਾ ਹੁਕਮ ਵੀ ਕਰ ਸਕਦੀ ਹੈ।

## ਤੁਸੀਂ ਅਤੇ ਤੁਹਾਡੀ ਕਮਿਉਨਟੀ ਕੀ ਕਰ ਸਕਦੇ ਹੋ?

- ਨਫ਼ਰਤ ਅਤੇ ਅਸਹਿਣਸ਼ੀਲਤਾ ਵਿਰੁੱਧ ਆਵਾਜ਼ ਬੁਲੰਦ ਕਰੋ।
- ਕਮਿਉਨਟੀ ਰੈਲੀਆਂ ਕਰਕੇ ਅਤੇ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਨੂੰ ਆਸਰਾ ਅਤੇ ਮਦਦ ਦੇ ਕੇ ਜੁਰਮ ਦਾ ਸ਼ਿਕਾਰ ਹੋਏ ਲੋਕਾਂ ਦੀ ਮਦਦ ਕਰੋ।
- ਸਰਕਾਰੀ ਅਧਿਕਾਰੀਆਂ ਨੂੰ ਉਤਸ਼ਾਹ ਦਿਉ ਕਿ ਉਹ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਦਾ ਵਿਰੋਧ ਕਰਨ।
- ਹੇਟ ਕਰਾਇਮ ਨੈੱਟਵਰਕ ਬਣਾਉ ਜਿਸ ਵਿਚ ਕਾਨੂੰਨ ਲਾਗੂ ਕਰਨ ਵਾਲੇ, ਸਥਾਨਕ ਸਰਕਾਰ, ਸਕੂਲ, ਧਾਰਮਿਕ ਸੰਸਥਾਵਾਂ ਅਤੇ ਕਮਿਉਨਟੀ ਆਧਾਰਿਤ ਸੰਸਥਾਵਾਂ ਸ਼ਾਮਲ ਹੋਣ ਜੋ ਕਿ ਨਫ਼ਰਤ ਕਾਰਨ ਹੋਏ ਜੁਰਮ ਦੇ ਵਾਪਰਨ ’ਤੇ ਫੌਰਨ ਕਾਰਵਾਈ ਕਰੇ ਅਤੇ ਰੋਕਥਾਮ ਅਤੇ ਚੇਤਨਤਾ ਨੂੰ ਉਤਸ਼ਾਹ ਦੇਵੇ।

## ਮਦਦ ਕਿਵੇਂ ਲੈਣੀ ਹੈ

ਜੇ ਤੁਸੀਂ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਅੱਗੇ ਲਿਖੇ ਵਸੀਲੇ ਤੁਹਾਡੀ ਮਦਦ ਕਰ ਸਕਦੇ ਹਨ:

- California Attorney General’s Office of Victims’ Services
  (ਕੈਲੇਫੋਰਨੀਆ ਅਟੌਰਨੀ ਜਨਰਲ’ਜ ਆਫਿਸ ਆਫ ਵਿਕਟਮ’ਜ਼ ਸਰਵਿਸਿਜ਼)
  ਟੈਲੀਫੋਨ: (877) 433-9069
- State of California - Department of Fair Employment and Housing
  (ਸਟੇਟ ਆਫ ਕੈਲੇਫੋਰਨੀਆ – ਡਿਪਾਰਟਮੈਂਟ ਆਫ ਫੇਅਰ ਇਮਪਲੌਏਮੈਂਟ ਐਂਡ ਹਾਊਜ਼ਿੰਗ)
  ਟੈਲੀਫੋਨ: 1-800-884-1684
  ਬੋਲ਼ੇ ਅਤੇ ਉੱਚਾ ਸੁਣਨ ਵਾਲਿਆਂ ਲਈ ਲਾਈਨ: 1-800-700-2320
- California State Board of Control Victims of Violent Crime Unit
  (ਕੈਲੇਫੋਰਨੀਆ ਸਟੇਟ ਬੋਰਡ ਆਫ ਕੰਟਰੋਲ ਵਿਕਟਮਜ਼ ਆਫ ਵਾਇਲੈਂਟ ਕਰਾਇਮ ਯੂਨਿਟ)
  ਟੈਲੀਫੋਨ: 1-800-777-9229
- District Attorney’s Victim/Witness Program
  (ਤੁਹਾਡਾ ਲੋਕਲ ਡਿਸਟਰਿਕਟ ਅਟੌਰਨੀ’ਜ਼ ਵਿਕਟਮ/ਵਿਟਨੈੱਸ ਪ੍ਰੋਗਰਾਮ (ਟੈਲੀਫੋਨ ਬੁੱਕ ਵਿਚ ਕਾਊਂਟੀ ਲਿਸਟਿੰਗ))
- United States Attorney’s Office Victim/Witness Assistance Program
  (ਤੁਹਾਡੇ ਡਿਸਟਰਿਕਟ ਵਿਚਲਾ ਯੂਨਾਈਟਡ ਸਟੇਟਸ ਅਟੌਰਨੀ’ਜ਼ ਆਫਿਸ ਵਿਕਟਮ/ਵਿਟਨੈੱਸ ਅਸਿਸਟੈਂਸ ਪ੍ਰੋਗਰਾਮ (ਟੈਲੀਫੋਨ ਬੁੱਕ ਵਿਚ ਫੈਡਰਲ ਲਿਸਟਿੰਗ))
- United States Department of Justice, Community Relations Services
  (ਯੂਨਾਈਟਡ ਸਟੇਟਸ ਡਿਪਾਰਟਮੈਂਟ ਆਫ ਜਸਟਿਸ, ਕਮਿਉਨਟੀ ਰੀਲੇਸ਼ਨਜ਼ ਸਰਵਿਸਿਜ਼ (ਟੈਲੀਫੋਨ ਬੁੱਕ ਵਿਚ ਫੈਡਰਲ ਲਿਸਟਿੰਗ))

ਇਸ ਪ੍ਰੋਗਰਾਮ ਅਤੇ ਜੁਰਮ–ਰੋਕੂ ਹੋਰ ਸਾਮੱਗਰੀ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਇਸ ਐਡਰੈਸ ’ਤੇ ਲਿਖੋ:

Crime and Violence Prevention Center
California Attorney General’s Office
P.O. Box 944255
Sacramento, CA 94244-2550
www.safestate.org

ਇਹ ਲਿਖਤ ਇਸ ਵੈੱਬਸਾਈਟ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ: www.safestate.org

ਇਹ ਲਿਖਤ ਇਨ੍ਹਾਂ ਭਾਸ਼ਾਵਾਂ ਵਿਚ ਵੀ ਮਿਲਦੀ ਹੈ: ਅੰਗਰੇਜ਼ੀ, ਅਰਬੀ, ਅਰਮੀਨੀਅਨ, ਚਾਇਨੀਜ਼, ਹਿੰਦੀ, ਕੋਰੀਅਨ, ਸਪੈਨਿਸ਼ ਅਤੇ ਵੀਅਤਨਾਮੀ


B13–9119
10/06


# ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਨੂੰ ਰੋਕਣਾ

# ਅਸੀਂ ਕੀ ਕਰ ਸਕਦੇ ਹਾਂ !

**ਕਰਾਇਮ ਐਂਡ ਵਾਇਲੈਂਸ ਪ੍ਰੀਵੈਨਸ਼ਨ ਸੈਂਟਰ**
**ਕੈਲੇਫੋਰਨੀਆ ਅਟੌਰਨੀ ਜਨਰਲ ਦਾ ਦਫਤਰ**

Preventing Hate Crime – Punjabi

***“ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮ ਸੱਭ ਤੋਂ ਜ਼ਿਆਦਾ ਮਾਨਵਤਾਹੀਣ ਜੁਰਮਾਂ ਵਿੱਚੋਂ ਹਨ, ਕਿਉਂਕਿ ਕੁਕਰਮੀ ਆਪਣੇ ਸ਼ਿਕਾਰ ਨੂੰ ਉਸ ਦੀ ਚਮੜੀ ਦੇ ਰੰਗ, ਬੋਲੀ, ਧਰਮ, ਕਾਮੁਕ ਰੁਚੀ, ਜਾਂ ਕਿਸੇ ਅਪਾਹਜਤਾ ਕਾਰਨ ਪੂਰੇ ਇਨਸਾਨ ਦੇ ਬਰਾਬਰ ਨਹੀਂ ਸਮਝਦਾ। ਇਸ ਤੋਂ ਇਲਾਵਾ, ਨਫ਼ਰਤ ਕਾਰਨ ਕੀਤਾ ਗਿਆ ਜੁਰਮ ਉਸ ਸਾਰੇ ਗਰੁੱਪ ’ਤੇ ਅਸਰ ਪਾਉਂਦਾ ਹੈ ਜਿਸ ਨਾਲ ਜੁਰਮ ਦਾ ਸ਼ਿਕਾਰ ਹੋਇਆ ਵਿਅਕਤੀ ਸਬੰਧ ਰੱਖਦਾ/ਰੱਖਦੀ ਹੈ, ਜਿਸ ਨਾਲ ਸਾਰੀ ਕਮਿਉਨਟੀ ਵਿਚ ਚਿੰਤਾ ਫੈਲ ਜਾਂਦੀ ਹੈ।”***

ਕੈਲੇਫੋਰਨੀਆ ਅਟੌਰਨੀ
ਜਨਰਲ ਦਾ ਦਫਤਰ

## ਕੈਲੇਫੋਰਨੀਆ ਵਿਚ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮ

ਕੈਲੇਫੋਨਰੀਆ ਵਿਚ, ਤੁਸੀਂ ਨਫ਼ਰਤ ਕਾਰਨ ਕੀਤੇ ਗਏ ਜੁਰਮ (ਹੇਟ ਕਰਾਇਮ) ਦਾ ਸ਼ਿਕਾਰ ਹੋ ਸਕਦੇ ਹੋ, ਜੇ ਤੁਹਾਨੂੰ ਤੁਹਾਡੀ ਨਸਲ, ਜਾਤ, ਧਰਮ, ਲਿੰਗ, ਕਾਮੁਕ ਰੁਚੀ, ਸਰੀਰਕ ਜਾਂ ਮਾਨਸਿਕ ਅਪਾਹਜਤਾ ਜਾਂ ਕਿਸੇ ਅਜਿਹੇ ਵਿਅਕਤੀ ਜਾਂ ਗਰੁੱਪ ਨਾਲ ਆਪਣੇ ਸਬੰਧਾਂ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ ਜਿਸ ਵਿਚ ਇਨ੍ਹਾਂ “ਅਸਲੀ” ਜਾਂ “ਸਮਝੀਆਂ” ਗਈਆਂ ਵਿਸ਼ੇਸ਼ਤਾਵਾਂ ਵਿੱਚੋਂ ਇਕ ਜਾਂ ਜ਼ਿਆਦਾ ਹਨ।

ਨਫ਼ਰਤ ਦੀਆਂ ਘਟਨਾਵਾਂ ਅਤੇ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਵਿਚਕਾਰ ਅੰਤਰ ਸਮਝਣ ਦੇ ਯੋਗ ਹੋਣਾ ਜ਼ਰੂਰੀ ਹੈ।

**ਨਫ਼ਰਤ ਦੀ ਘਟਨਾ (ਹੇਟ ਇਨਸੀਡੈਂਟ)** ਕੋਈ ਹਰਕਤ ਜਾਂ ਵਰਤਾਉ ਹੈ ਜਿਹੜਾ ਨਫ਼ਰਤ ਕਾਰਨ ਹੋਇਆ ਹੈ ਪਰ ਫਰੀਡਮ ਆਫ ਐਕਸਪਰੈਸ਼ਨ (ਆਪਣੀ ਗੱਲ ਕਹਿਣ ਦੀ ਆਜ਼ਾਦੀ) ਵਿਚ ਪਹਿਲੀ ਸੋਧ ਦੇ ਹੱਕ ਰਾਹੀਂ ਇਸ ਹੱਕ ਦੀ ਹਿਫਾਜ਼ਤ ਹੁੰਦੀ ਹੈ। ਨਫ਼ਰਤ ਦੀਆਂ ਘਟਨਾਵਾਂ ਦੀਆਂ ਉਦਾਹਰਨਾਂ ਵਿਚ ਬੋਲ ਕੁਬੋਲ ਬੋਲਣੇ, ਅੱਲ ਪਾਉਣੀ, ਜਨਤਕ ਥਾਂਵਾਂ ’ਤੇ ਨਫ਼ਰਤ ਵਾਲੀ ਸਾਮੱਗਰੀ ਵੰਡਣਾ ਅਤੇ ਕਿਸੇ ਪ੍ਰਾਪਰਟੀ ’ਤੇ ਨਫ਼ਰਤ ਪੈਦਾ ਕਰਨ ਵਾਲੀ ਸਾਮੱਗਰੀ ਦਾ ਪ੍ਰਦਰਸ਼ਨ ਕਰਨਾ ਸ਼ਾਮਲ ਹਨ। ਯੂ.ਐੱਸ. ਦੇ ਸੰਵਿਧਾਨ ਵਿਚ ਗਰੰਟੀ ਕੀਤੀਆਂ ਗਈਆਂ ਆਜ਼ਾਦੀਆਂ, ਜਿਵੇਂ ਕਿ ਬੋਲਣ ਦੀ ਆਜ਼ਾਦੀ, ਨਫ਼ਰਤ-ਭਰੇ ਸ਼ਬਦਾਂ ਦੀ ਆਗਿਆ ਦਿੰਦੀਆਂ ਹਨ, ਜੇ ਇਹ ਦੂਜੇ ਲੋਕਾਂ ਦੇ ਸਮਾਜਿਕ ਹੱਕਾਂ ਵਿਚ ਦਖਲਅੰਦਾਜ਼ੀ ਨਹੀਂ ਕਰਦੇ। ਜੇ ਇਸ ਤਰ੍ਹਾਂ ਦਾ ਵਰਤਾਉ ਵਧ ਕੇ ਕਿਸੇ ਵਿਅਕਤੀ ਜਾਂ ਪ੍ਰਾਪਰਟੀ ਦੇ ਖਿਲਾਫ ਧਮਕੀਆਂ ਦੇਣ ਵਾਲਾ ਜਾਂ ਹਮਲਾ ਕਰਨ ਵਾਲਾ ਬਣ ਜਾਂਦਾ ਹੈ ਤਾਂ ਫਿਰ ਇਸ ਨੂੰ ***ਨਫ਼ਰਤ ਕਾਰਨ ਕੀਤਾ ਜਾਣ ਵਾਲਾ ਜੁਰਮ (ਹੇਟ ਕਰਾਇਮ)*** ਸਮਝਿਆ ਜਾਵੇਗਾ।

**ਨਫ਼ਰਤ ਕਾਰਨ ਕੀਤਾ ਜਾਣ ਵਾਲਾ ਜੁਰਮ,** ਇਕ ਮੁਜਰਮਾਨਾ ਕੰਮ ਹੈ ਜਾਂ ਮੁਜਰਮਾਨਾ ਕੰਮ ਕਰਨ ਦਾ ਯਤਨ ਹੈ ਜੋ ਕਿ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਜਾਂ ਉਸ ਦੀ ਪ੍ਰਾਪਰਟੀ ਦੇ ਵਿਰੁੱਧ ਇਸ ਕਰਕੇ ਕੀਤਾ ਗਿਆ ਹੈ ਕਿਉਂਕਿ ਸ਼ਿਕਾਰ ਹੋਇਆ ਵਿਅਕਤੀ, ਹਿਫਾਜ਼ਤੀ ਕਲਾਸ ਦਾ ਮੈਂਬਰ ਹੈ ਜਾਂ ਮੈਂਬਰ ਸਮਝਿਆ ਗਿਆ ਹੈ। (ਵਿਕਟਮ ਵਿਚ ਕੋਈ ਵਿਅਕਤੀ ਜਾਂ ਗਰੁੱਪ ਸ਼ਾਮਲ ਹੋ ਸਕਦਾ ਹੈ।)

ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਦੀ ਰਿਪੋਰਟ ਢੁਕਵੇਂ ਅਧਿਕਾਰੀਆਂ ਕੋਲ ਹੋਣੀ ਚਾਹੀਦੀ ਹੈ, ਜਿਵੇਂ ਕਿ ਤੁਹਾਡੀ ਲੋਕਲ ਪੁਲੀਸ ਜਾਂ ਸ਼ੈਰਫ ਦਾ ਡਿਪਾਰਟਮੈਂਟ। ਜੇ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਇਨ੍ਹਾਂ ਜੁਰਮਾਂ ਦੀ ਰਿਪੋਰਟ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਨਾ ਕੀਤੀ ਜਾਵੇ ਤਾਂ ਕੁਕਰਮੀ ਆਪਣੇ ਵਿਸ਼ਵਾਸਾਂ ਮੁਤਾਬਕ ਅਮਲ ਕਰਨਾ ਜਾਰੀ ਰੱਖਣਗੇ ਅਤੇ ਸਮਾਜ ਲਈ ਇਕ ਖਤਰਾ ਬਣਨਾ ਜਾਰੀ ਰਹਿਣਗੇ।

## ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਦੇ ਸ਼ਿਕਾਰ ਵਿਅਕਤੀ

ਜੇ ਤੁਹਾਨੂੰ ਸ਼ੱਕ ਹੈ ਕਿ ਤੁਸੀਂ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ:

- ਫੌਰਨ ਪੁਲੀਸ ਜਾਂ ਸ਼ੈਰਫ ਦੇ ਡਿਪਾਰਟਮੈਂਟ ਨੂੰ ਫੋਨ ਕਰਨਾ ਚਾਹੀਦਾ ਹੈ।
- ਡਾਕਟਰੀ ਮਦਦ ਲੈਣੀ ਚਾਹੀਦੀ ਹੈ (ਜੇ ਲੋੜ ਹੋਵੇ)।
- ਜੋ ਸ਼ਬਦ ਬੋਲੇ ਗਏ ਹਨ ਉਹ ਲਿਖ ਲੈਣੇ ਚਾਹੀਦੇ ਹਨ ਅਤੇ ਹੋਰ ਵੀ ਕੋਈ ਉਹ ਜਾਣਕਾਰੀ ਲਿਖ ਲੈਣੀ ਚਾਹੀਦੀ ਹੈ ਜਿਹੜੀ ਮਹੱਤਵਪੂਰਨ ਹੋ ਸਕਦੀ ਹੈ।
- ਜੇ ਕੋਈ ਸਬੂਤ ਹੋਵੇ ਤਾਂ ਉਹ ਸਾਂਭਣਾ ਚਾਹੀਦਾ ਹੈ (ਊਲ-ਜਲੂਲ ਲਿਖਤ, ਆਂਡਿਆਂ ਦੀਆਂ ਛਿੱਲਾਂ, ਸ਼ਿਕਾਰ ਹੋਏ ਵਿਅਕਤੀ ਦੀ ਗੱਡੀ ’ਤੇ ਲਿਖੀ ਗਈ ਲਿਖਤ)। ਕੋਈ ਵੀ ਸਬੂਤ ਮਿਟਾਉ ਨਾ। ਪੁਲੀਸ ਅਧਿਕਾਰੀਆਂ ਦੇ ਆਉਣ ਅਤੇ ਉਨ੍ਹਾਂ ਵਲੋਂ ਫੋਟੋਆਂ ਲੈਣ ਤੱਕ ਉਡੀਕ ਕਰੋ।
- ਸ਼ਿਕਾਰ ਹੋਏ ਹੋਰ ਵਿਅਕਤੀਆਂ ਅਤੇ ਗਵਾਹਾਂ ਦੇ ਨਾਂ, ਐਡਰੈਸ, ਅਤੇ ਟੈਲੀਫੋਨ ਨੰਬਰ ਲੈ ਲਵੋ।
- ਜੇ ਸੰਭਵ ਹੋਵੇ ਤਾਂ ਕੁਕਰਮੀ ਅਤੇ ਕੁਕਰਮੀ ਦੀ ਗੱਡੀ ਦਾ ਵੇਰਵਾ ਲਿਖ ਲਵੋ।
- ਆਪਣੇ ਇਲਾਕੇ ਦੀਆਂ ਉਨ੍ਹਾਂ ਕਮਿਉਨਟੀ-ਆਧਾਰਿਤ ਸੰਸਥਾਵਾਂ ਨੂੰ ਫੋਨ ਕਰੋ ਜਿਹੜੀਆਂ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਦੇ ਸਬੰਧ ਵਿਚ ਮਦਦ ਕਰਦੀਆਂ ਹਨ।

## ਮੁਢਲੇ ਸੰਕੇਤ

ਅੱਗੇ ਦਿੱਤੀ ਲਿਸਟ ਉਨ੍ਹਾਂ ਨਿਸ਼ਾਨੀਆਂ ਵੱਲ ਇਸ਼ਾਰਾ ਕਰਦੀ ਹੈ ਜਿਨ੍ਹਾਂ ਤੋਂ ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮ ਦਾ ਪਤਾ ਲੱਗਦਾ ਹੈ:

- ਸ਼ਿਕਾਰ ਹੋਏ ਵਿਅਕਤੀ ਜਾਂ ਗਵਾਹ ਨੂੰ ਇਹ ਪ੍ਰਤੀਤ ਹੋਣਾ ਕਿ ਉਸ ਨੂੰ ਕੁਕਰਮੀ ਵਲੋਂ ਇਸ ਕਰਕੇ ਚੁਣਿਆ ਗਿਆ ਹੈ ਕਿਉਂਕਿ ਉਹ ਹਿਫਾਜ਼ਤੀ ਕਲਾਸ ਦਾ/ਦੀ ਮੈਂਬਰ ਹੈ।
- ਕੁਕਰਮੀ ਵਲੋਂ ਲਿਖੇ ਜਾਂ ਬੋਲੇ ਗਏ ਸ਼ਬਦ ਜਿਹੜੇ ਪੱਖਪਾਤ ਦਾ ਇਸ਼ਾਰਾ ਕਰ ਸਕਦੇ ਹਨ।
- ਘਟਨਾ ਦੀ ਤਰੀਕ ਉਸ ਦਿਨ ਨਾਲ ਮਿਲਦੀ ਹੈ ਜਿਹੜੀ ਤਰੀਕ ਸ਼ਿਕਾਰ ਹੋਏ ਵਿਅਕਤੀ ਦੀ ਹਿਫਾਜ਼ਤੀ ਕਲਾਸ ਲਈ ਮਹੱਤਵਪੂਰਨ ਹੈ।
- ਨਸਲ ਜਾਂ ਧਰਮ ਵਿਚਕਾਰ ਫਰਕ, ਉਦਾਹਰਣ ਲਈ, ਸ਼ਿਕਾਰ ਹੋਏ ਵਿਅਕਤੀ ਅਤੇ ਕੁਕਰਮੀ ਦੀ ਨਸਲ ਜਾਂ ਧਰਮ ਵਿਚਕਾਰ।
- ਇਲਾਕੇ ਵਿਚ ਜਥੇਬੰਦਕ ਰੂਪ ਵਿਚ ਨਫਰਤੀ ਗਰੁੱਪ ਕਾਰਵਾਈ ਕਰ ਰਹੇ ਹਨ।

## ਨਫ਼ਰਤ ਕਾਰਨ ਕੀਤੇ ਜਾਣ ਵਾਲੇ ਜੁਰਮਾਂ ਦਾ ਸ਼ਿਕਾਰ ਹੋਏ ਵਿਅਕਤੀਆਂ ਲਈ ਸੇਵਾਵਾਂ

- ਕੈਲੇਫੋਰਨੀਆ ਕੰਸਟੀਚਿਊਸ਼ਨ’ਜ਼ ਵਿਕਟਮ’ਜ਼ ਬਿੱਲ ਆਫ ਰਾਈਟਸ ਅਧੀਨ ਤੁਹਾਡੇ ਨਿਸ਼ਚਤ ਹੱਕ ਹਨ। ਉਦਾਹਰਣ ਲਈ, ਤੁਸੀਂ ਕੁਕਰਮੀ ਦੇ ਮੁਕੱਦਮੇ ਬਾਰੇ ਜਾਣਕਾਰੀ ਲੈਣ ਦੇ ਹੱਕਦਾਰ ਹੋ ਸਕਦੇ ਹੋ, ਅਤੇ ਤੁਹਾਨੂੰ ਕੁਕਰਮੀ ਨੂੰ ਸਜ਼ਾ ਹੋਣ ਵੇਲੇ ਜੁਰਮ ਦਾ ਸ਼ਿਕਾਰ ਹੋਏ ਵਿਅਕਤੀ ਵਜੋਂ ਆਪਣੇ ’ਤੇ ਪਏ ਅਸਰ ਦਾ ਬਿਆਨ ਦੇਣ ਦਾ ਹੱਕ ਹੈ।
- ਤੁਸੀਂ ਕਿਸੇ ਵੀ ਉਸ ਘਾਟੇ, ਨੁਕਸਾਨ ਜਾਂ ਸੱਟ ਲਈ ਹਰਜਾਨੇ ਦੇ ਹੱਕਦਾਰ ਹੋ ਸਕਦੇ ਹੋ ਜਿਹੜਾ ਤੁਹਾਨੂੰ ਹੋਇਆ ਹੋ ਸਕਦਾ ਹੈ।
- ਤੁਸੀਂ Ralph ਐਕਟ ਅਤੇ Bane ਐਕਟ ਅਧੀਨ ਵੀ ਸੁਰੱਖਿਅਤ ਹੋ। ਇਨ੍ਹਾਂ ਕਾਨੂੰਨਾਂ ਅਧੀਨ, ਅਦਾਲਤ ਤੁਹਾਡੇ ਲਈ ਹਰਜਾਨੇ ਦਾ ਆਰਡਰ ਕਰ ਸਕਦੀ ਹੈ। ਤੁਹਾਡੇ ਹੱਕਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਤੋਂ ਅਦਾਲਤ ਇਹ ਮੰਗ ਕਰ ਸਕਦੀ ਹੈ ਕਿ ਉਹ ਤੁਹਾਨੂੰ ਸਿਵਲ ਜੁਰਮਾਨਾ ($25,000) ਦੇਵੇ, ਜੋ ਪੈਸੇ ਤੁਹਾਡੇ ਹੋਏ ਨੁਕਸਾਨ ਨੂੰ ਪੂਰਾ ਕਰਨ ਲਈ ਹੁੰਦੇ ਹਨ, ਅਤੇ/ਜਾਂ ਅਦਾਲਤ ਵਾਧੂ ਰਕਮ ਦਾ ਹੁਕਮ ਕਰ ਸਕਦੀ ਹੈ ਜੋ ਕਿ ਉਸ ਵਿਅਕਤੀ ਨੂੰ ਸਜ਼ਾ ਦੇਣ